ਅੱਜ ਦੀ ਆਵਾਜ਼

ਹਰਿਮੰਦਰ ਅਠ ਸਠ ਤੀਰਥ

ਸਰੂਪ ਸਿੰਘ ਅਲੱਗ

ਹਰਿਮੰਦਰ, ਪ੍ਰਮਾਤਮਾ ਦਾ ਆਪਣਾ ਧਾਮ ਹੈ। ਵਾਹਿਗੁਰੂ ਦਾ ਇਹ ਘਰ ਹਰ ਕਿਸੇ ਨੂੰ ਭਾਵੰਦਾ ਹੈ। ਇਸ ਅਸਥਾਨ ਤੇ ਆ ਕੇ ਆਤਮਿਕ ਆਨੰਦ ਮਿਲਦਾ ਹੈ, ਮਨੁੱਖੀ ਭਾਈਚਾਰੇ ਨਾਲ ਮੋਹ ਵਿਗਸਦਾ ਹੈ, ਪਿਆਰ, ਹਮਦਰਦੀ, ਦਿਆ ਤੇ ਨਿਸ਼ਕਾਮ ਸੇਵਾ ਵਿਕਸਤ ਹੁੰਦੀ ਹੈ। ਪਰਾਏ ਧਨ ਦੀ ਲਾਲਸਾ ਮੁਕਦੀ ਹੈ ਤੇ ਸਭ ਪਰਾਣੀ 'ਏਕੁ ਪਿਤਾ ਏਕਸ ਕੇ ਹਮ ਬਾਰਕਿ' ਦਾ ਹੀ ਰੂਪ ਲਗਦੇ ਹਨ। ਮੇਰ ਤੇਰ ਦਾ ਭਰਮ ਖੰਭ ਲਾ ਕੇ ਉਡ ਜਾਂਦਾ ਹੈ ਅਤੇ ਮਨੁੱਖ ਇਵੇਂ ਮਹਿਸੂਸ ਕਰਦਾ ਹੈ ਕਿ ਉਹ ਬੇਗ਼ਮਪੁਰੇ ਦਾ ਵਾਸੀ ਹੋ ਗਿਆ ਹੋਵੇ। ਮਹਾਨ ਵਿਦਵਾਨ ਪ੍ਰੋ. ਪੂਰਨ ਸਿੰਘ ਆਪਣੀ ਪੁਸਤਕ **'The book of the Ten Masters'** ਵਿਚ ਹਰਿਮੰਦਰ ਦੀ ਮਹਿੰਮਾ ਦਾ ਵਿਖਿਆਨ ਕਰਦਿਆਂ ਲਿਖਦਾ ਹੈ ਕਿ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਤਾਂ ਬਸ ਮਿਲਾਪ ਹੀ ਮਿਲਾਪ ਹੈ, ਪਿਆਰ ਹੀ ਪਿਆਰ ਹੈ, ਇਹ ਐਸਾ ਮਹਾਨ ਤੀਰਥ ਹੈ ਜਿਥੇ ਹੋਰ ਤੀਰਥ ਆ ਕੇ ਸੇਵਕ ਬਣ ਜਾਂਦੇ ਹਨ ਅਤੇ ਆਪਣੀ ਹਾਜ਼ਰੀ ਲਵਾਉਂਦੇ ਹਨ। ਭਾਈ ਨੰਦ ਲਾਲ ਵੀ ਇਸ ਇਲਾਹੀ ਤੀਰਥ ਦੀ ਸ਼ੋਭਾ ਆਪਣੀ ਲਿਖਤ 'ਜੋਤ-ਬਿਗਾਸ' ਵਿਚ ਕੁਝ ਇਸੇ ਪਰਕਾਰ ਹੀ ਕਰਦੇ ਹਨ। ਗੁਰੂ ਅਰਜਨ ਦੇਵ ਸਚੇ ਪਾਤਸ਼ਾਹ ਨੇ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਰਚਨਾ ਲਈ ਜੋ ਥੜਾ ਉਸਰਵਾਇਆ, ਉਹ 67 ਹੱਥ ਲੰਬਾ ਤੇ 67 ਹੱਥ ਹੀ ਚੌੜਾ ਹੈ। ਸੰਤ ਆਤਮਾਵਾਂ ਦਾ ਇਸ ਪ੍ਰਥਾਏ ਵਿਚਾਰ ਹੈ ਕਿ 67 ਹੱਥਾਂ ਦਾ ਹਿਸਾਬ ਕਤਾਬ ਸਚੇ ਪਾਤਸ਼ਾਹ ਨੇ ਬਹੁਤ ਸੋਚ ਵਿਚਾਰ ਕੇ ਮਿਥਿਆ ਹੋਵੇਗਾ। 68 ਤੀਰਥਾਂ ਦੇ ਦਰਸ਼ਨ ਤੇ ਉਨ੍ਹਾਂ ਦੀ ਜ਼ਿਆਰਤ ਕਰਨਾ, ਉਥੇ ਹਾਜ਼ਰੀ ਭਰ ਕੇ ਆਪਣੇ ਆਪ ਨੂੰ ਉਨ੍ਹਾਂ ਤੀਰਥਾਂ ਦੇ ਮਹੱਤਵ ਨਾਲ ਸੁਭਾਗਾ ਬਣਾਉਣਾ ਬਹੁਤੇ ਭਾਰਤੀਆਂ ਦੀ ਜ਼ੁਬਾਨ ਤੇ ਪਹਿਲੇ ਵੀ ਸੀ ਤੇ ਅਜ ਤਕ ਵੀ ਹੈ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਥੱਲ ਨੂੰ 67 ਹੱਥ ਵਰਗਾਕਾਰ ਰਖ ਕੇ ਸੰਸਾਰ ਦੇ 67 ਤੀਰਥ ਇਸ ਦੀ ਹਸਤੀ ਨਾਲ ਜੋੜ ਦਿੱਤੇ ਅਤੇ ਅਠ੍ਹਾਠਵਾਂ ਤੀਰਥ ਹਰਿਮੰਦਰ ਸਾਹਿਬ ਉਸ ਸਥੱਲ ਉੱਪਰ ਸਿਰਜ ਕੇ ਸ਼ਰਧਾਲੂਆਂ ਦੇ ਦਿਲ ਵਿਚੋਂ ਤੀਰਥਾਂ ਦੇ ਭਰਮਣ ਤੇ ਭਟਕਣ ਦੀ ਲਾਲਸਾ ਹੀ ਮੁਕਾ ਦਿਤੀ। ਇਸ ਤਰ੍ਹਾਂ ਇਕ ਪਰੰਪਰਾਵਾਦੀ ਸ਼ਰਧਾਲੂ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਵਿਚ ਹੀ ਸਾਰੇ 68 ਤੀਰਥਾਂ ਦਾ ਫਲ ਮਿਲ ਜਾਂਦਾ ਹੈ। ਇਸ ਨਵੀਂ ਸੋਚ ਨੇ ਸੰਗਤਾਂ ਵਿਚ ਨਵਾਂ ਇਨਕਲਾਬ ਲਿਆ ਦਿੱਤਾ, ਜਿਸ ਨੇ ਉਨ੍ਹਾਂ ਦੀ ਵੱਖ ਵੱਖ ਤੀਰਥਾਂ ਦੇ ਫਜ਼ੂਲ ਵਿਚ ਗੇੜੇ ਕਟ ਕਟ ਕੇ ਆਪਣਾ ਧਨ ਤੇ ਸਮਾਂ ਅਜਾਈਂ ਬਰਬਾਦ ਕਰਨ ਦੀ ਰੁਚੀ ਨੂੰ ਠਲ੍ਹ ਪਾਉਣੀ ਸ਼ੁਰੂ ਕਰ ਦਿੱਤੀ। ਤੀਰਥਾਂ ਦੇ ਦਰਸ਼ਨ ਨਾਲੋਂ ਬਾਣੀ ਤੇ ਸ਼ਬਦ ਨਾਲ ਜੁੜ ਕੇ ਜੀਵਨ ਦੀ ਜੁਗਤ ਨੂੰ ਸੰਵਾਰਨ ਦੀ ਕਿਰਿਆ ਹਰਿਮੰਦਰ ਤੋਂ ਪ੍ਰਫੁਲਤ ਹੋਈ। ਸ਼ਰਧਾਲੂਆਂ ਨੂੰ ਇਹ ਗੱਲ ਸਮਝ ਆਉਣ ਲਗ ਪਈ ਕਿ ਹਰਿਮੰਦਰ ਵਿਚ ਗਾਈ ਜਾਂਦੀ ਅਕਾਲ ਉਸਤਤ ਰੂਪੀ ਗੁਰਬਾਣੀ ਵਿਚ ਦਿੱਤੇ ਪੈਗ਼ਾਮਾਂ ਨੂੰ ਜ਼ਿੰਦਗੀ ਦਾ ਆਧਾਰ ਬਣਾਉਣ ਨਾਲ ਮਨੁੱਖ ਦਾ ਇਹ ਜਨਮ ਵੀ ਸਫਲਾ ਹੁੰਦਾ ਹੈ ਅਤੇ ਅਗਲਾ ਵੀ ਸੰਵਰਦਾ ਹੈ। ਕੇਵਲ ਤੀਰਥਾਂ ਦੇ ਦਰਸ਼ਨਾਂ ਨਾਲ ਗੱਲ ਬਿਲਕੁਲ ਹੀ ਨਹੀਂ ਬਣਦੀ। ਇਹ ਕਰਮ ਕਾਂਢ ਫਜ਼ੂਲ ਹਨ। ਦਰਸ਼ਨੀ ਡਿਉਡੀ ਤੋਂ ਹਰਿਮੰਦਰ ਸਾਹਿਬ ਤੱਕ ਪ੍ਰਵੇਸ਼ ਕਰਨ ਤਕ 84 ਕਦਮ ਚਲ ਕੇ ਆਉਣਾ ਪੈਂਦਾ ਹੈ। ਇਹ ਤਥ ਵੀ ਇਸ ਗੱਲ ਦਾ ਲਖਾਇਕ ਹੈ ਕਿ ਦੁਨਿਆਵੀ ਮੋਹ, ਹੈਂਕੜਬਾਜ਼ੀ ਤੇ ਲਾਲਚ ਨੂੰ ਤਿਆਗ ਕੇ ਹਰਿਮੰਦਰ ਪਰੀਸਰ ਵਿਚ ਦਾਖਲ ਹੋਇਆ ਮਨੁੱਖ ਜਦ ਦਰਸ਼ਨੀ ਡਿਉਡੀ ਤੋਂ ਦਰਬਾਰ ਸਾਹਿਬ ਤਕ ਪਹੁੰਚਣ ਲਈ ਬਣੇ ਪੁਲ ਤੇ 84 ਕਦਮ ਪੁਟ ਕੇ ਅੱਗੇ ਵਧਦਾ ਹੈ ਤਾਂ ਉਸ ਦਾ 84 ਦਾ ਕਥਿਥ ਗੇੜ ਟੁਟ ਜਾਂਦਾ ਹੈ। (ਅਜਿਹੀ ਧਾਰਨਾ ਕਈ ਸ਼ਰਧਾਲੂਆਂ ਦੇ ਮਨਾਂ ਵਿੱਚ ਜੀਵਤ ਹੈ ਪਰ ਗੁਰਬਾਣੀ ਵਿੱਚ ਦੱਸੇ ਮੁਤਾਬਕ ਮੁਕਤੀ, ਗੁਰਬਾਣੀ ਅਨੁਸਾਰ ਜੀਵਣ ਜੀਣ ਨਾਲ ਪ੍ਰਾਪਤ ਹੋਵੇਗੀ, ਅਜਿਹੇ ਕਦਮ ਚੱਲਣ ਨਾਲ ਨਹੀਂ) ਹਰਿਮੰਦਰ ਅੰਦਰ ਗਾਈ ਜਾਂਦੀ ਇਲਾਹੀ ਬਾਣੀ ਦੀ ਪਵਿੱਤਰ ਭਾਵਨਾ ਉਸ ਦੀ ਆਤਮਾ ਤੋਂ ਦੁਨਿਆਵੀ ਮੈਲਾਂ ਲਾਹ ਦੇਂਦੀ ਹੈ। ਅਵੱਸ਼ ਹੀ ਗੁਰਬਾਣੀ ਕੀਰਤਨ ਉਸ ਦੇ ਮਨ ਨੂੰ ਸਹਿਜਤਾ ਤੇ ਸੁਹਜਤਾ ਬਖਸ਼ਦਾ ਹੈ, ਉਹ ਭਟਕਣ ਤੋਂ ਹਟ ਕੇ ਟਕਾਓ ਦੀ ਅਵਸਥਾ ਵਿਚ ਆ ਜਾਂਦਾ ਹੈ। ਅਧਿਆਤਮਿਕ ਮਾਰਗ ਦੇ ਪਾਂਧੀ ਨੂੰ ਆਪਣਾ ਮਾਰਗ ਸਰਲ ਜਾਪਣ ਲਗ ਪੈਂਦਾ ਹੈ ਤੇ ਮੰਜ਼ਲ ਬਿਲਕੁਲ ਸਾਹਮਣੇ। ਇਵੇਂ ਗੁਰਬਾਣੀ ਵਿਚ ਦਸੇ ਅਨੁਸਾਰ ਜੀਵਨ ਜੀਣ ਵਾਲੇ ਉਪਾਸ਼ਕ ਨੂੰ ਨਾ ਤਾਂ 68 ਤੀਰਥਾਂ ਦੇ ਭਰਮਣ ਦੀ ਲੋੜ ਹੈ ਕਿਉਂਕਿ 'ਨਾਮ ਜਪਤ ਕੋਟਿ ਮਜ਼ਨ ਇਸਨਾਨ' ਹੋ ਜਾਂਦਾ ਹੈ ਅਤੇ ਨਾ ਹੀ 84 ਲੱਖ ਜੂਨਾਂ ਦਾ ਹੀ ਡਰ ਰਹਿ ਜਾਂਦਾ ਹੈ। ਹਰਿਮੰਦਰ ਸਾਹਿਬ ਦੀ ਜ਼ਿਆਰਤ ਕਰਨ ਤੇ ਇਹ ਗੱਲ ਹਰ ਕਿਸੇ ਨੂੰ ਸੁਦ੍ਰਿੜ ਹੁੰਦੀ ਰਹਿੰਦੀ ਹੈ ਕਿ ਉਸਨੇ ਗੁਰਬਾਣੀ ਅਧਾਰਤ ਜੀਵਨ ਜੀਣਾ ਹੈ ਅਤੇ ਤੀਰਥਾਂ ਬਾਰੇ ਪ੍ਰਚਲਤ ਫਜ਼ੂਲ ਭਰਮਾਂ ਵਿਚ ਨਹੀਂ ਪੈਣਾ। ਇਹ ਹਰਿਮੰਦਰ ਦੀ ਪਵਿੱਤਰ ਦੇਣ ਹੈ।

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ ਅੰਗ-759

ਅਸੀਂ ਆਮ ਕਹਿੰਦੇ ਹਾਂ ਕਿ ਜਿਹੜੀ ਚੀਜ਼ ਅਤੀ ਉੱਤਮ ਹੋਵੇ ਉਹ 16 ਕਲਾਂ ਸੰਪੂਰਣ ਹੁੰਦੀ ਹੈ। ਹਰਿਮੰਦਰ ਤਾਂ ਇਸ ਲਿਹਾਜ਼ ਨਾਲ ਸਰਬ ਕਲਾ ਸੰਪੂਰਣ ਹੈ। ਇਸ ਦਾ ਪਵਿੱਤਰ ਸਰੋਵਰ ਨੱਕੋ ਨੱਕ ਭਰਿਆ ਹੋਇਆ ਪਰ ਅਡੋਲਤਾ ਵਿਚ ਪਸਰਿਆ ਹੋਇਆ ਹਰ ਕਿਸੇ ਨੂੰ ਪਰੀਪੂਰਨ ਹੋਣ ਦਾ ਆਭਾਸ ਕਰਾਉਂਦਾ ਹੈ। 16 ਕਲਾ ਸੰਪੂਰਣ ਚੀਜ਼ ਉੱਤਮ ਤੋਂ ਉੱਤਮ ਹੁੰਦੀ ਹੈ, ਅੰਮ੍ਰਿਤ ਸਰੋਵਰ 17 ਫੁੱਟ ਡੂੰਘਾ ਹੋਣ ਕਾਰਨ 16 ਕਲਾ ਨਾਲੋਂ ਵੀ ਉਤੇ ਹੈ, ਇਸ ਦੇ ਅੰਮ੍ਰਿਤ ਦੇ ਤੁਲ ਹੋਰ ਕੁਝ ਵੀ ਨਹੀਂ। ਪਿਛਲੇ 4 ਸੌ ਸਾਲ ਤੋਂ ਨਿਰੰਤਰ ਰੂਪ ਵਿਚ ਦਿਨ ਰਾਤ ਇਸ ਵਿਚ ਰੱਬੀ ਬਾਣੀ ਦੀਆਂ ਤਰੰਗਾਂ ਸੰਚਤ ਹੁੰਦੀਆਂ ਆ ਰਹੀਆਂ ਹਨ ਇਸ ਲਈ ਇਸ ਜਲ ਤੋਂ ਵਧ ਹੋਰ ਕਿਹੜਾ ਜਲ ਹੋਵੇਗਾ ਜਿਸ ਵਿਚ ਪ੍ਰਭੂ ਰੂਪੀ ਨਾਮ ਦੀ ਅਗੰਮੀ ਮਿਠਾਸ ਸਮਾਈ ਹੋਈ ਹੋਵੇਗੀ? ਇਸੇ ਪਵਿੱਤਰਤਾ ਕਾਰਨ ਇਹ ਜਲ ਖਰਾਬ ਨਹੀਂ ਹੁੰਦਾ, ਇਸ ਵਿਚ ਜਾਲਾ ਨਹੀਂ ਬਝਦਾ, ਕੋਈ ਜ਼ਹਿਰੀਲਾ ਕੀੜਾ ਮਕੌੜਾ ਇਸ ਵਿਚ ਪਰਵੇਸ਼ ਨਹੀਂ ਕਰਦਾ। ਮਕਾਰ ਤੇ ਢੋਂਗੀ ਬਗਲਾ, ਚੰਚਲ ਕਾਂ, ਗੰਦਗੀ ਨਾਲ ਜੀਵਨ ਜੋੜਨ ਤੇ ਤੋਰਨ ਵਾਲੀ ਇੱਲ ਵੀ ਇੱਥੇ ਆਉਣ ਤੋਂ ਕਤਰਾਉਂਦੀ ਹੈ ਅਤੇ ਕੋਈ ਐਸੀ ਚੀਜ਼ ਇਸ ਪਵਿੱਤਰ ਸਰੋਵਰ ਵਿਚ ਬਸੇਰਾ ਨਹੀਂ ਕਰ ਸਕਦੀ ਜਿਹੜੀ ਖਪ ਰੌਲਾ ਪਾਉਣ ਦੇ ਸੁਭਾਅ ਵਾਲੀ ਹੋਵੇ। ਇਹੀ ਕਾਰਨ ਹੈ ਕਿ ਕਿਸੇ ਨੇ ਹਾਲੇ ਤਕ ਹਰਿਮੰਦਰ ਦੇ ਇਲਾਹੀ ਸਰੋਵਰ ਵਿਚ ਹਰ ਵਕਤ ਟਾਂ ਟਾਂ ਕਰਕੇ ਅਸਮਾਨ ਨੂੰ ਸਿਰ ਤੇ ਚੁਕਣ ਵਾਲਾ ਇਕ ਵੀ ਡੱਡੂ ਨਹੀਂ ਦੇਖਿਆ। ਜੈਸੀ ਰਾਮ ਤਸੀਲਦਾਰ ਤੇ ਅੰਮ੍ਰਿਤਸਰ ਦੇ ਡੀ. ਸੀ. ਸਾਂਡਰਜ਼ ਨੇ ਆਪਣੇ ਬੰਦਿਆਂ ਨੂੰ ਪਹਿਰਿਆਂ ਤੇ ਬਿਠਾ ਕੇ ਇਸ ਗੱਲ ਦੇ ਸਹੀ ਹੋਣ ਨੂੰ ਪਰਮਾਣਤ ਕੀਤਾ ਹੈ (ਹਵਾਲਾ ਤਵਾਰੀਖ ਸ੍ਰੀ ਅੰਮ੍ਰਿਤਸਰ ਲਿਖਤ ਗਿਆਨੀ ਗਿਆਨ ਸਿੰਘ ਪੰਨਾ-20)।

ਇਕ ਅੰਗਰੇਜ਼ ਲੇਖਕ ਤੇ ਯਾਤਰੂ ਹਰਿਮੰਦਰ ਸਰੋਵਰ ਨੂੰ **Lake of immortality** (ਅਮਰ ਕਰ ਦੇਣ ਵਾਲਾ ਸਰੋਵਰ) ਕਹਿ ਕੇ ਸਤਿਕਾਰਦਾ ਹੈ ਜਿਸ ਦੇ ਜਲ ਵਿਚ ਇਸ਼ਨਾਨ ਕਰ ਕੇ ਮਨੁੱਖ ਅਮਰ ਹੋ ਜਾਂਦਾ ਹੈ, ਉਸ ਦੇ ਮਨ ਤੇ ਤਨ ਦੀ ਮੈਲ ਉਤਰ ਜਾਂਦੀ ਹੈ ਤੇ ਉਹ ਨਿਰਛਲ, ਨਿਰਵੈਰ ਹੋ ਨਿਬੜਦਾ ਹੈ।

ਦੁਰਮਤਿ ਮੈਲੁ ਗਈ ਸਭ ਨੀਕਰਿ
ਹਰਿ ਅੰਮ੍ਰਿਤ ਹਰਿ ਸਰਿ ਨਾਤਾ ਅੰਗ-984

ਡੂੰਘਾ ਤੇ ਖੁੱਲ੍ਹਾ ਹੋਣ ਕਾਰਨ ਮਨੁੱਖੀ ਹੱਥਾਂ ਵੱਲੋਂ ਬਣਾਏ ਜਾਣ ਦੇ ਬਾਵਜੂਦ ਵੀ ਇਸ ਸਰੋਵਰ ਵਿਚ ਕੁਦਰਤੀ ਪੰਨ ਦਾ ਪੂਰਾ ਪੂਰਾ ਝਲਕਾਰਾ ਮਿਲਦਾ ਹੈ। ਇਤਿਹਾਸਕ ਤਥ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪਟੀ ਦੇ ਹਾਕਮ ਰਾਏ ਦੁਨੀ ਚੰਦ ਦੀ ਧੀ ਰਜਨੀ ਦਾ ਪਿੰਗਲਾ ਘਰ ਵਾਲਾ ਇਸੇ ਸਰੋਵਰ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਬਿਲਕੁਲ ਰਾਜ਼ੀ ਹੋ ਗਿਆ। (ਹਵਾਲਾ ਪੰਨਾ 111 ਪੰਥ ਪਰਕਾਸ਼, ਕਰਤਾ ਗਿਆਨੀ ਗਿਆਨ ਸਿੰਘ)। ਅਕਾਲਪੁਰਖ ਨੇ ਮੁਢ ਕਦੀਮਾਂ ਤੋਂ ਇਸ ਵਿਚ ਇਲਾਹੀ ਖੂਬੀਆਂ ਦਾ ਸੰਚਾਰ ਕੀਤਾ ਹੋਇਆ ਹੈ। ਭਾਈ ਸੰਤੋਖ ਸਿੰਘ ਰਚਤ ਸੂਰਜ ਪਰਕਾਸ਼ ਜਿਲਦ ਛੇਵੀਂ ਪੰਨਾ 1870 ਅਨੁਸਾਰ ਜੋ ਮਨੁੱਖ ਦੀਵਾਲੀ ਅਤੇ ਵਿਸਾਖੀ ਤੇ ਇਸ ਪਵਿੱਤਰ ਸਰੋਵਰ ਵਿਚ ਵਿਸ਼ੇਸ਼ ਤੌਰ ਤੇ ਇਸ਼ਨਾਨ ਕਰਦਾ ਹੈ ਉਸ ਨੂੰ ਸਰਬ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਉਹ ਲਿਖਦਾ ਹੈ:

ਦੀਪਮਾਲਾ ਬੈਸਾਖੀ ਦੋਇ.....
ਜੋ ਨਰ ਤਿਸ ਛਿਨ ਇਹਾਂ ਨਹਾਇ
ਸਭ ਤੀਰਥ ਕਾ ਮਜਨ (ਇਸ਼ਨਾਨ) ਹੋਇ
ਯਾਂ ਤੇ ਅਧਿਕ ਮਹਾਤਮ ਜੋਇ
ਕਰਹਿ ਸ਼ਨਾਨ ਸਕਲ ਫਲ ਪਾਵੈ
ਸੁਤ ਬਿਤ ਲਾਭ, ਕਲੂਖ ਨਸਾਵੈ।

ਗੁਰੂ ਅਰਜਨ ਦੇਵ ਜੀ ਤਾਂ ਇਸ ਸਰੋਵਰ ਦੀ ਉਪਮਾ ਵਿਚ ਆਪਣੇ ਮੁਖਾਰਬਿੰਦ ਤੋਂ ਇਵੇਂ ਫਰਮਾਉਂਦੇ ਹਨ:

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਅੰਗ-625

ਇਸ ਲਈ ਗੁਰੂ ਦਾ ਸਿੱਖ ਤਾਂ ਇਸ ਸਰੋਵਰ ਦਾ ਸ਼ੈਦਾਈ ਹੈ ਜਿਸ ਨੂੰ ਕਿਸੇ ਵਿਸ਼ੇਸ਼ ਸਮੇਂ ਇਸ਼ਨਾਨ ਕਰਕੇ ਨਹੀਂ ਸਗੋਂ ਹਰ ਸਮੇਂ ਇਸ਼ਨਾਨ ਕਰਕੇ ਮਨ ਚਿੰਦੇ ਫਲ ਮਿਲਦੇ ਹਨ।

ਇਕ ਮੁਸਲਮਾਨ ਸਮਕਾਲੀ ਦੇ ਹਵਾਲੇ ਵਿਚ ਇਤਿਹਾਸਕਾਰ ਮੈਲਕਮ ਲਿਖਦਾ ਹੈ, 'ਬਹੁਤ ਕਰਕੇ ਬਾਹਰੋਂ ਸਿੱਖ ਸਵਾਰ ਘੋੜਿਆਂ ਨੂੰ ਸਰਪਟ ਦੌੜਾ ਕੇ ਦਰਬਾਰ ਸਾਹਿਬ ਦੀ ਯਾਤਰਾ ਲਈ ਭੱਜੇ ਆਉਂਦੇ। ਅਜਿਹੀ ਦਲੇਰੀ ਕਰਕੇ ਉਹ ਬਹੁਤੀ ਵਾਰੀ ਕਤਲ ਵੀ ਕਰ ਦਿੱਤੇ ਜਾਂਦੇ ਪਰ ਅਜਿਹੇ ਸਮਿਆਂ ਤੇ ਸਿੱਖ ਡਰਨ ਦੀ ਥਾਂ ਖੁਸ਼ੀ ਖੁਸ਼ੀ ਸ਼ਹਾਦਤ ਦੇ ਪਿਆਲੇ ਪੀਂਦੇ। ਕਿਸੇ ਇਕ ਸਿੱਖ ਦੀ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਉਹ ਦਰਬਾਰ ਸਾਹਿਬ ਵਲ ਘੋੜੇ ਤੇ ਉੱਡਦਾ ਆਉਂਦਿਆਂ ਫੜੇ ਜਾਣ ਤੇ ਆਪਣੇ ਧਰਮ ਤੋਂ ਬੇਮੁਖ ਹੋਣ ਲਈ ਤਿਆਰ ਹੋ ਗਿਆ ਹੋਵੇ।' ਇਸ ਪਿੱਛੇ ਜਜ਼ਬਾ ਇਹ ਹੀ ਸੀ ਕਿ ਸਿੱਖ ਹਰਿਮੰਦਰ ਅਤੇ ਇਸਦੇ ਸਰੋਵਰ ਦੇ ਇਸ਼ਨਾਨ ਦੇ ਤੁਲ ਹੋਰ ਕੁਝ ਵੀ ਨਹੀਂ ਸਮਝਦੇ। ਇਸ ਇਸ਼ਨਾਨ ਦੀ ਪ੍ਰਾਪਤੀ ਵਿਚ ਜੇਕਰ ਉਨ੍ਹਾਂ ਦੀ ਜਾਨ ਵੀ ਚਲੀ ਜਾਵੇ ਤਾਂ ਵੀ ਉਹ ਇਸਨੂੰ ਲਾਹੇਵੰਦਾ ਸੌਦਾ ਸਮਝ ਕੇ ਖੁਸ਼ ਹੁੰਦੇ। ਕਵੀ ਹਸਰਤ, ਪਵਿੱਤਰ ਅੰਮ੍ਰਿਤ ਸਰੋਵਰ ਬਾਰੇ ਆਪਣੀ ਕਵਿਤਾ ਵਿਚ ਇਸ ਦੀ ਭਰਪੂਰ ਉਸਤਤੀ ਕਰਦਾ ਹੈ। ਉਸ ਦਾ ਇਕ ਸ਼ਿਅਰ ਇਵੇਂ ਹੈ:

ਇਥੇ ਮਿਟਦੇ ਦੁਖ ਸਭ, ਰਹੇ ਨਾ ਚਿੰਤਾ ਸੋਗ
ਇਥੇ ਨਹਾਤਿਆਂ ਉਮਰ ਦੇ, ਦੂਰ ਨੇ ਹੁੰਦੇ ਰੋਗ।

ਕਵੀ ਤਖਤ ਸਿੰਘ ਦੀ ਗ਼ਜ਼ਲ ਜੋ ਸਰੋਵਰ ਮਹਿੰਮਾ ਬਾਰੇ ਹੈ, ਦਾ ਇਕ ਸ਼ਿਅਰ ਹਵਾਲੇ ਮਾਤਰ ਦਿੱਤਾ ਜਾਂਦਾ ਹੈ:

ਏਸ ਸਰੋਵਰ ਨੇ ਇਉਂ ਆਪਣੀ ਉਮਰ ਦੇ ਚਾਰ ਸੌ ਸਾਲ ਹੰਡਾਏ
ਦੁਖੀਆਂ ਦੇ ਦੁਖ ਦਰਦ ਵੰਡਾਏ, ਕਮਬਖਤਾਂ ਨੂੰ ਭਾਗ ਲਗਾਏ।

ਸਿੱਖ ਦੇ ਦਿਲ ਵਿਚ ਹਰਿਮੰਦਰ ਸਾਹਿਬ ਤੇ ਇਸ ਦੇ ਅੰਮ੍ਰਿਤ ਸਰੋਵਰ ਪ੍ਰਤੀ ਜੋ ਨਿਸ਼ਠਾ, ਸਤਿਕਾਰ ਤੇ ਸ਼ਰਧਾ ਹੈ, ਉਹ ਬਿਆਨ ਤੋਂ ਬਾਹਰੀ ਹੈ। ਉਹ ਤਾਂ ਇਸ ਅਸਥਾਨ ਦੇ ਦਰਸ਼ਨ ਦੀਦਾਰਿਆਂ ਅਤੇ ਇਸ਼ਨਾਨ ਲਈ ਨਿਤ ਅਰਦਾਸਾਂ ਕਰਦਾ ਰਹਿੰਦਾ ਹੈ, ਅਰਜੋਈਆਂ ਕਰਦਾ ਰਹਿੰਦਾ ਹੈ ਅਤੇ ਆਪਣੀ ਜਾਨ ਹੂਲ ਕੇ ਵੀ ਇਸ ਵਿਚ ਇਸ਼ਨਾਨ ਕਰਨ ਵਿਚ ਪ੍ਰਮਾਤਮਾ ਦੀ ਮਿਹਰ ਸਮਝਦਾ ਹੈ। ਉਹ ਤਾਂ ਹਰਿਮੰਦਰ ਸਰੋਵਰ ਵਿਚ ਇਵੇਂ ਇਸ਼ਨਾਨ ਕਰਨ ਆਉਂਦਾ ਹੈ ਜਿਵੇਂ ਪਰਵਾਨਾ ਆਪਣੇ ਇਸ਼ਟ ਸ਼ਮ੍ਹਾ ਤੇ ਕੁਰਬਾਨ ਹੋਣ ਹਿਤ ਚਾਈਂ ਚਾਈਂ ਆਉਂਦਾ ਹੈ। ਇਹ ਗੱਲ ਮੁਗ਼ਲ ਹਾਕਮਾਂ ਨੂੰ ਜਦ ਸਮਝ ਆਈ ਤਾਂ ਉਨ੍ਹਾਂ ਨੇ ਸਿੱਖਾਂ ਦੇ ਦਰਬਾਰ ਸਾਹਿਬ ਵਿਚ ਪਰਵੇਸ਼ ਨੂੰ ਰੋਕਣ ਲਈ ਸਖ਼ਤ ਪਹਿਰੇ ਬਠਾ ਦਿੱਤੇ। ਜਿਥੇ ਕਿਧਰੇ ਸਿੱਖ ਮਿਲਦਾ ਬਿਨਾਂ ਕਸੂਰ ਕਰਨ ਦੇ ਵੀ ਉਸ ਨੂੰ ਸ਼ਹੀਦ ਕਰ ਦਿੱਤਾ ਜਾਂਦਾ। ਸਿੱਖ ਹੋਣਾ ਹੀ ਉਸ ਦਾ ਸਭ ਤੋਂ ਵੱਡਾ ਕਸੂਰ ਹੋ ਗਿਆ। ਪਰ ਸਭ ਸਖ਼ਤੀਆਂ ਤੇ ਅਤਿਆਚਾਰਾਂ ਦੇ ਬਾਵਜੂਦ ਵੀ ਸਿੱਖ ਆਪਣੇ ਇਸ ਗੁਰਧਾਮ ਨਾਲ ਆਪਣਾ ਅਟੁੱਟ ਰਿਸ਼ਤਾ ਬਣਾਈ ਰਖਣ ਵਿਚ ਸਫਲ ਰਹੇ। ਜੇ ਅਬਦਾਲੀ ਨੇ ਸਿੱਖਾਂ ਨੂੰ ਨਿਰਬਲ ਤੇ ਕਮਜ਼ੋਰ ਕਰਨ ਲਈ ਹਰਿਮੰਦਰ ਸਾਹਿਬ ਨੂੰ ਢਾਹ ਦਿੱਤਾ, ਸਰੋਵਰ ਨੂੰ ਪੂਰ ਦਿੱਤਾ ਤਾਂ ਵੀ ਉਹ ਸਿੱਖਾਂ ਦਾ ਮਨੋ ਬਲ ਗੇਰਨ ਵਿਚ ਸਫਲ ਨਾ ਹੋ ਸਕਿਆ। 'ਜਬੈ ਬਾਣ ਲਾਗੈ ਤਬੈ ਰੋਸ ਜਾਗੈ' ਦੀ ਭਾਵਨਾ ਤੇ ਅਧਾਰਤ ਜੀਵਨ ਬਤੀਤ ਕਰਦਿਆਂ ਆਪਣੀਆਂ ਵਡਮੁਲੀਆਂ ਪਰੰਪਰਾਵਾਂ ਦੀ ਸ਼ੋਭਾ ਵਧਾਉਂਦਿਆਂ ਸਿੱਖਾਂ ਨੇ ਉਸ ਨੂੰ ਚੈਨ ਨਾਲ ਇਕ ਪਲ ਵੀ ਨਹੀਂ ਰਹਿਣ ਦਿੱਤਾ। ਉਸ ਨੂੰ ਵਾਪਸ ਕਾਬਲ ਜਾਂਦਿਆਂ ਕਰਾਰੀ ਹਾਰ ਦਿੱਤੀ। ਉਸ ਦਾ ਲੜਕਾ ਜੰਗ ਵਿਚ ਮਾਰਿਆ ਗਿਆ। ਅਬਦਾਲੀ ਨੇ ਸ਼ੁਕਦੇ ਝਨਾ ਦਰਿਆ ਵਿਚ ਛਾਲ ਮਾਰ ਕੇ ਆਪਣੀ ਜਾਨ ਬਚਾਈ। ਸਿੱਖਾਂ ਨੇ ਉਸ ਦੇ ਫੌਜੀਆਂ ਨੂੰ ਬੰਦੀ ਬਣਾ ਲਿਆ ਅਤੇ ਉਨ੍ਹਾਂ ਕੋਲੋਂ ਹੀ ਸਰੋਵਰ ਨੂੰ ਫਿਰ ਸਾਫ ਕਰਵਾਇਆ। ਹਰਿਮੰਦਰ ਵਲ ਮਾੜੀ ਅੱਖ ਰਖਣ ਵਾਲਾ ਜਰਵਾਨਾ ਅਹਿਮਦ ਸ਼ਾਹ ਅਬਦਾਲੀ ਆਪਣਾ ਬਾਦਸ਼ਾਹੀ ਜਲੌਂ ਗਵਾ ਬੈਠਾ।

ਸਿੱਖਾਂ ਨੇ ਉਸ ਦੇ ਪੈਰਾਂ ਥੱਲੇ ਧਮੂਚੇ ਡਾਹ ਦਿੱਤੇ। ਉਸ ਨੂੰ ਇਤਨਾ ਡਰਾਇਆ ਕਿ ਉਹ ਮੁੜ ਭਾਰਤ ਤੇ ਹਮਲਾ ਕਰਨ ਜੋਗਾ ਨਾ ਰਿਹਾ। ਭਾਰਤ ਵਲ ਲਲਚਾਈਆਂ ਅੱਖਾਂ ਨਾਲ ਵੇਖਦਾ ਵੇਖਦਾ 1772 ਈ. ਵਿਚ ਮਰ ਗਿਆ। ਸਿੱਖ ਸੂਰਮਿਆਂ ਨੇ ਹਰਿਮੰਦਰ ਸਾਹਿਬ ਤੋਂ ਪਰੇਰਨਾ ਲੈ ਕੇ ਇਸ ਜਰਵਾਨੇ ਨੂੰ ਉਹ ਚਣੇ ਚਬਾਏ ਕਿ ਉਸ ਦੇ ਸਾਰੇ ਮਨਸੂਬੇ ਖਾਕ ਵਿਚ ਮਿਲ ਗਏ ਤੇ ਖਾਲਸੇ ਦੀ ਸ਼ਾਨ ਰੂਪੀ ਨਿਸ਼ਾਨ ਸਾਹਿਬ ਅਬਦਾਲੀ ਦੇ ਘਰ ਤਕ ਤੇ ਝੁਲਣ ਲਗ ਪਏ। ਇਵੇਂ ਹਰਿਮੰਦਰ ਨੂੰ ਢਾਹੁਣ ਵਾਲਾ ਖੁਦ ਢਹਿ ਢੇਰੀ ਹੋ ਗਿਆ ਪਰ ਹਰਿਮੰਦਰ ਤਾਂ ਅਜ ਵੀ ਜੀਵਤ ਹੈ, ਸੁਜਿੰਦ ਹੈ ਤੇ ਕਿਆਮਤ ਤਕ ਇਵੇਂ ਹੀ ਰਹੇਗਾ। ਉਹ ਮਾਨਵਤਾ ਦੇ ਭਲੇ ਲਈ ਸਭ ਨੂੰ ਪਿਆਰ ਦਾ ਸੰਦੇਸ਼ ਦੇ ਰਿਹਾ ਹੈ, ਹਰ ਪਾਸੇ ਆਤਮਿਕ ਰੰਗ ਬਖੇਰ ਰਿਹਾ ਹੈ ਤੇ ਹਰ ਕਿਸੇ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਰਿਹਾ ਹੈ।

ਕਹੇ ਅਗੰਮੇ ਚੋਜ ਇਥੇ ਹੋਵੰਦੇ,
ਹਸਦੇ ਇਥੋਂ ਜਾਣ, ਜੋ ਆਵਣ ਰੋਵੰਦੇ।

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥

(ਲੜੀਵਾਰ)-

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਸੱਚਾ ਵਣਜ ਉਹ ਕਰ ਸਕਦੇ ਹਨ ਜੋ ਸੱਚੇ ਗੁਰੂ ਤੋਂ ਮਿਲੀ ਸਿੱਖਿਆ ਅਨੁਸਾਰ ਜਿਨ੍ਹਾਂ ਦਾ ਮਨ ਨਿਰਮਲ ਹੋ ਗਿਆ ਹੈ ਤੇ ਬਾਹਰੋਂ ਜਗਤ ਨਾਲ ਵਰਤੋਂ-ਵਿਹਾਰ ਵੀ ਪਵਿੱਤਰ ਰੱਖਦੇ ਹਨ। ਕਰਮਾਂ ਵਿੱਚ ਬਾਹਰਲੀ ਵਰਤੋਂ ਵਿਹਾਰ ਵਿੱਚ ਨਿਰਮਲਤਾ ਉਦੋਂ ਹੀ ਆਉਂਦੀ ਹੈ ਜੇਕਰ ਮਨੁੱਖ ਮਨ ਕਰਕੇ ਪਹਿਲਾਂ ਨਿਰਮਲਤਾ ਹਾਸਲ ਕਰ ਲੈਂਦਾ ਹੈ। ਮਨ ਦੀ ਨਿਰਮਲਤਾ ਸਤਿਗੁਰੂ ਦੁਆਰਾ ਦੱਸੀ ਕਰਨੀ ਨੂੰ ਕਮਾਉਣ ਨਾਲ ਹੀ ਹਾਸਲ ਹੁੰਦੀ ਹੈ। ਸਬੰਧੀਆਂ ਦਾ ਮੋਹ, ਕੂੜੇ ਪਦਾਰਥਾਂ ਦਾ ਸਵਾਦ ਹਉਮੈ ਆਦਿ ਵਿਕਾਰਾਂ ਦੀ ਮੈਲ ਉਨ੍ਹਾਂ ਨੂੰ ਲੱਗ ਨਹੀਂ ਸਕਦੀ। ਜਿਸ ਨੇ ਗੁਰੂ ਦੀ ਕਿਰਪਾ ਦੁਆਰਾ ਆਪਣੇ ਮਨ ਦੇ ਫੁਰਨੇ ਹਰੇਕ ਵਾਸ਼ਨਾ ਨੂੰ ਪਰਮਾਤਮਾ ਦੇ ਸਿਮਰਨ ਵਿੱਚ ਲੀਨ ਕਰ ਦਿੱਤਾ ਹੈ। ਉਹ ਵਪਾਰੀ ਧੰਨਤਾਯੋਗ ਹਨ ਜੋ ਗੁਰੂ ਉਪਦੇਸ਼ ਰਾਹੀਂ ਮਨੋਂ ਪਵਿੱਤਰ ਹੋ ਕੇ ਪ੍ਰਭੂ ਭਗਤੀ ਦਾ ਸੱਚਾ ਵਣਜ ਕਰਦੇ ਹਨ ਉਨ੍ਹਾਂ ਨੂੰ ਹੀ ਜੀਵਨ ਵਿੱਚ ਨਿਰਮਲਤਾ ਤੇ ਪਰਮ ਅਨੰਦ ਪ੍ਰਾਪਤ ਹੁੰਦਾ ਹੈ।

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੈ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥
ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥

ਪਦ ਅਰਥ: ਸੇਤੀ-ਨਾਲ, ਸਨਮੁਖੁ-ਸਾਹਮਣੇ ਮੂੰਹ ਰੱਖ ਸਕਣ ਵਾਲਾ, (ਸੁਰਖ਼ਰੂ), ਜੀਅਹੁ-ਦਿਲੋਂ।

ਅਰਥ:- ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਗੁਰੂ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਗੁਰਸਿੱਖ ਦੀ ਰਹਿਣੀ-ਬਹਿਣੀ ਬਾਰੇ ਦੱਸਦੇ ਹਨ ਕਿ ਜੋ ਸਿੱਖ ਗੁਰੂ ਜੀ ਦੇ ਸਾਹਮਣੇ ਹੋ ਕੇ ਗੁਰੂ ਜੀ ਦੀ ਖ਼ੁਸ਼ੀ ਲੈਣੀ ਚਾਹੁੰਦਾ ਹੈ, ਸੁਰਖ਼ਰੂ ਹੋਣਾ ਚਾਹੁੰਦਾ ਹੈ। ਉਸ ਨੂੰ ਗੁਰੂ ਦੇ ਸਾਹਮਣੇ ਹੋਇਆਂ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ, ਆਪਣੇ ਅੰਦਰ ਲੁਕੇ ਕਿਸੇ ਕੁਕਰਮ ਦਾ ਸਦਕਾ ਤਾਂ ਰਸਤਾ ਇੱਕੋ ਹੀ ਹੈ ਕਿ ਉਹ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿੱਚ ਰਹੇ ਤੇ ਗੁਰੂ ਨੂੰ ਸਦਾ ਆਪਣੇ ਨਾਲ ਸਮਝੇ।

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਪਦ ਅਰਥ: ਸਮਾਲੇ-ਯਾਦ ਰੱਖੇ, ਟਿਕਾਈ ਰੱਖੇ।
ਅਰਥ: ਸਿੱਖ ਗੁਰੂ ਦੇ ਚਰਨਾਂ ਨੂੰ ਭਾਵ ਗੁਰੂ ਦੇ ਉਪਦੇਸ਼ਾਂ ਨੂੰ ਆਪਣੇ ਹਿਰਦੇ ਵਿੱਚ ਯਾਦ ਰੱਖੇ, ਆਪਣੀ ਆਤਮਾ ਦੇ ਧਿਆਨ ਵਿੱਚ ਟਿਕਾਈ ਰੱਖੇ।
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਪਦ ਅਰਥ: ਆਪੁ-ਆਪਾ ਭਾਵ, ਅਹੰਕਾਰ, ਪਰਣੈ-ਆਸਰੇ।

ਅਰਥ: ਗੁਰੂ ਜੀ ਦੀ ਖ਼ੁਸ਼ੀ ਲੈਣ ਵਾਲਾ ਸਿੱਖ ਆਪਾ ਭਾਵ, ਅਹੰਕਾਰ, ਆਪਣੀ ਸਿਆਣਪ ਨੂੰ ਛੱਡ ਕੇ ਸਦਾ ਗੁਰੂ ਦੇ ਆਸਰੇ ਰਹੇ। ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ (ਆਪਣੇ ਆਤਮਿਕ ਜੀਵਨ ਦਾ ਦਾਤਾ) ਨਾ ਸਮਝੇ।

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

ਅਰਥ: ਗੁਰੂ ਸਾਹਿਬ ਜੀ ਕਹਿੰਦੇ ਹਨ ਹੇ ਸੰਤ ਜਨੋਂ! ਧਿਆਨ ਨਾਲ ਸੁਣੋ, ਉਪਰੋਕਤ ਵਿਚਾਰਾਂ ਅਨੁਸਾਰ ਚੱਲਣ ਵਾਲਾ ਸਿੱਖ ਹੀ ਗੁਰੂ ਦੇ ਸਨਮੁਖ ਖੜੇ ਮੱਥੇ ਰਹਿ ਸਕਦਾ ਹੈ ਤੇ ਉਹੀ ਆਤਮਿਕ ਅਨੰਦ ਮਾਣ ਸਕਦਾ ਹੈ।

ਭਾਵ ਅਰਥ: ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਗੁਰੂ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਸਿੱਖ ਦੀ ਪ੍ਰੀਭਾਸ਼ਾ, ਉਸ ਦੀ ਰਹਿਣੀ-ਬਹਿਣੀ ਬਾਰੇ ਦੱਸਦੇ ਹਨ ਕਿ ਜੋ ਸਿੱਖ ਸਤਿਗੁਰੂ ਦੇ ਸਾਹਮਣੇ ਹੋ ਕੇ ਗੁਰੂ ਦੀ ਖ਼ੁਸ਼ੀ ਲੈਣੀ ਚਾਹੁੰਦਾ ਹੈ। ਉਸ ਨੂੰ ਗੁਰੂ ਦੇ ਸਾਹਮਣੇ ਹੋਇਆ ਆਪਣੇ ਅੰਦਰ ਕਿਸੇ ਲੁਕਵੇਂ ਖੋਟ ਦੇ ਕਾਰਨ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ ਤਾਂ ਕੇਵਲ ਰਸਤਾ ਇਹ ਹੈ ਕਿ ਸਿੱਖ ਮਨ ਕਰਕੇ ਗੁਰੂ ਦੀ ਹਜ਼ੂਰੀ ਵਿੱਚ ਰਹੇ ਭਾਵ ਗੁਰੂ ਨੂੰ ਸਦਾ ਆਪਣੇ ਨਾਲ ਸਮਝੇ। ਕਈ ਗੁਰਸਿੱਖ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਮੱਥਾ ਟੇਕਦੇ ਹਨ ਸਰੀਰ ਕਰਕੇ, ਗੁਰਦੁਆਰੇ ਆ ਕੇ ਕਥਾ-ਕੀਰਤਨ ਸੁਣਦੇ ਹਨ ਤੇ ਕਹਿੰਦੇ ਹਨ ਕਿ ਅਸੀਂ ਗੁਰੂ ਜੀ ਦੇ ਦਰਸ਼ਨ ਕਰ ਲਏ ਹਨ। ਅਸੀਂ ਗੁਰੂ ਜੀ ਦੇ ਪ੍ਰੇਮੀ ਸਿੱਖ ਹਾਂ, ਪਰ ਅਸੀਂ ਉਨ੍ਹਾਂ ਚਿਰ ਗੁਰੂ ਦੇ ਸਿੱਖ ਨਹੀਂ ਬਣ ਸਕਦੇ ਜਿਨ੍ਹਾਂ ਚਿਰ ਆਪਣੀ ਸਿਆਣਪ ਤਿਆਗ ਕੇ ਗੁਰੂ ਦੀ ਮੱਤ ਨੂੰ ਆਪਣੇ ਮਨ ਵਿੱਚ ਧਾਰਨ ਨਹੀਂ ਕਰਦੇ। ਗੁਰੂ ਦੀ ਮੱਤ ਗੁਰਬਾਣੀ ਕਹਿੰਦੀ ਹੈ।

1. ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥੨॥੧੧॥
(ਗਉੜੀ ਕੀ ਵਾਰ, ਮ: ੪, ਪੰਨਾ ੩੦੫)
2. ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥੧੯॥
(ਆਸਾ ਕੀ ਵਾਰ, ਪੰਨਾ ੪੭੩)
3. ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥੪॥੨॥
(ਆਸਾ ਸੇਖ ਫ਼ਰੀਦ ਜੀਉ ਕੀ ਬਾਣੀ, ਪੰਨਾ ੪੮੮)
ਜੀਭ ਨਾਲ ਝੂਠ ਨਹੀਂ ਬੋਲਣਾ।
4. ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ੧॥੯॥
(ਗਉੜੀ ਸੁਖਮਨੀ ਮ: ੫, ਪੰਨਾ ੨੭੪)
ਕਿਸੇ ਦੀ ਨਿੰਦਾ ਨਾ ਸੁਣਨੀ ਹੈ ਤੇ ਨਾ ਕਰਨੀ ਹੈ।
5. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥੨॥੭॥
(ਵਾਰ ਮਾਝ ਕੀ, ਪੰਨਾ ੧੪੧)
ਪਰਾਇਆ ਹੱਕ ਨਹੀਂ ਖਾਣਾ ਭਾਵ ਕਾਰ-ਵਿਹਾਰ ਕਰਦਿਆਂ ਵਲ-ਛਲ ਨਹੀਂ ਕਰਨਾ।
6. ਸ਼ਰਾਬ ਆਦਿ ਕੋਈ ਝੂਠਾ ਨਸ਼ਾ ਨਹੀਂ ਵਰਤਣਾ।

(ਚੱਲਦਾ)

-ਭਾਈ ਕਾਹਨ ਸਿੰਘ ਸੇਵਾ ਪੰਥੀ

ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਕੁਰਬਾਨੀਆਂ

ਦਸੰਬਰ ਮਹੀਨੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਘਟਨਾਵਾਂ ਦਾ ਸਬੰਧ ਹੈ ਜਿਵੇਂ ਕਿ ਦਸੰਬਰ ਦੀ 22 ਤਰੀਕ 1666 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਇਸੇ ਮਹੀਨੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵਿੱਚ ਜ਼ਾਲਮਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਤੇ ਛੋਟੇ ਲੜਕੇ ਜ਼ਾਲਮਾਂ ਨੇ ਜਿਉਂਦੇ ਨੀਹਾਂ ਵਿੱਚ ਚਿਣਵਾ ਦਿੱਤੇ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਆਪ ਦੇ ਮਾਤਾ ਜੀ ਵੀ ਪ੍ਰਲੋਕ ਸਿਧਾਰ ਗਏ, ਪਰ ਅਡੋਲ ਰਹੇ ਤੇ ਪ੍ਰਮਾਤਮਾ ਦਾ ਸ਼ੁਕਰ ਕੀਤਾ ਕਿ ਉਸ ਨੇ ਆਪਣੀ ਅਮਾਨਤ ਵਾਪਸ ਲੈ ਲਈ। ਜਦੋਂ ਮਾਤਾ ਸੁੰਦਰੀ ਨੇ ਬੱਚਿਆਂ ਬਾਰੇ ਪੁੱਛਿਆ ਤਾਂ ਆਪ ਦਾ ਜੁਆਬ ਇਸ ਤਰ੍ਹਾਂ ਸੀ:-

'ਕੀ ਹੋਇਆ ਜੇ ਧਰਮ ਦੀ ਆਣ ਬਦਲੇ,
ਚਾਰੇ ਲਾਲ ਅਸਾਂ ਆਪਣੇ ਵਾਰ ਦਿੱਤੇ,
ਭਾਗਾਂ ਵਾਲੀਏ ਮਾਰ ਕੇ ਨਿਗਾ ਤੱਕਲੈ,
ਤੇਰੀ ਗੋਦ ਵਿੱਚ ਕਈ ਹਾਜ਼ਰ ਬੈਠੇ'

ਇਨ੍ਹਾਂ ਘਟਨਾਵਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਸਲੀ ਧਰਮ' ਨੂੰ ਸਾਰ ਵਿੱਚ ਪ੍ਰਗਟ ਕਰਨ ਲਈ ਇਹ ਅਕਾਲ ਪੁਰਖ ਦੀ ਪੂਜਾ ਦਾ ਉਪਦੇਸ਼ ਪੱਕੇ ਤੌਰ 'ਤੇ ਦ੍ਰਿੜ ਕਰਵਾਇਆ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਅਤੇ ਆਪਣੇ ਸਿੱਖਾਂ ਨੂੰ ਜਾਤ-ਪਾਤ ਤੋਂ ਉੱਚਾ ਚੁੱਕਿਆ। ਪਹਾੜੀ ਹਿੰਦੂ ਰਾਜਿਆਂ ਨੂੰ ਗੁਰੂ ਸਾਹਿਬ ਦੇ ਇਹ ਉਪਦੇਸ਼ ਨਾ ਭਾਏ, ਜਦੋਂ ਪਹਾੜੀ ਰਾਜਿਆਂ ਦੀ ਕੋਈ ਪੇਸ਼ ਨਾ ਗਈ ਤਾਂ ਉਹਨਾਂ ਉਸ ਸਮੇਂ ਦੇ ਹਾਕਮ ਔਰੰਗਜ਼ੇਬ ਨੂੰ ਗੁਰੂ ਜੀ ਦੇ ਵਿਰੁੱਧ ਚੁੱਕਿਆ। ਉੱਧਰ ਔਰੰਗਜੇਬ ਸਿੱਖਾਂ ਦੀ ਵੱਧਦੀ ਤਾਕਤ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਇਸ ਤਰ੍ਹਾਂ ਪਹਾੜੀ ਰਾਜਿਆਂ ਤੋਂ ਔਰਗਜੇਬ ਦੀਆਂ ਫੌਜਾਂ ਨੇ ਰਲ ਕੇ ਗੁਰੂ ਸਾਹਿਬ ਉੱਤੇ ਹਮਲਾ ਕਰ ਦਿੱਤਾ ਉੱਧਰ ਗੁਰੂ ਜੀ ਦੀਆਂ ਫੌਜਾਂ ਵੀ ਲੜਦਿਆਂ ਲੜਦਿਆਂ ਤੰਗ ਆ ਗਈਆਂ ਸਨ। ਦੂਸਰੇ ਪਾਸੇ ਬਾਦਸ਼ਾਹੀ ਫੌਜਾਂ ਨੇ ਕੁਰਾਨ ਦੀਆਂ ਕਸਮਾਂ ਖਾਧੀਆਂ ਤੇ ਹਿੰਦੂ ਰਾਜਿਆਂ ਨੇ ਗਊ ਦੀ ਸਹੁੰ ਚੁੱਕ ਕੇ ਗੁਰੂ ਜੀ ਪਾਸ ਇੱਕ ਚਿੱਠੀ ਭੇਜੀ, ਜਿਸ ਵਿੱਚ ਇਹ ਵਿਸ਼ਵਾਸ਼ ਦਿਵਾਇਆ ਗਿਆ ਕਿ ਜੇ ਗੁਰੂ ਜੀ 'ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ, ਗੁਰੂ ਜੀ ਨੂੰ ਉਹਨਾਂ ਦੀਆਂ ਕਸਮਾਂ ਤੇ ਵਿਸ਼ਵਾਸ ਨਹੀਂ ਸੀ ਅਤੇ ਉਹ ਯੁੱਧ ਜਾਰੀ ਰੱਖਣਾ ਚਾਹੁੰਦੇ ਸਨ, ਪਰ ਮਾਤਾ ਗੁਜਰੀ ਜੀ ਤੇ ਕੁੱਝ ਹੋਰ ਸਿੱਖਾਂ ਨੇ ਗੁਰੂ ਜੀ 'ਤੇ ਜ਼ੋਰ ਪਾਇਆ ਕਿ ਉਹ ਆਨੰਦਪੁਰ ਸਾਹਿਬ ਛੱਡ ਦੇਣ। ਇਸ ਤਰ੍ਹਾਂ ਦੋਹਾਂ ਪਾਸਿਓਂ ਲਿਖਤੀ ਆਗਿਆ ਦੇਣ 'ਤੇ 7 ਪੋਹ ਸੰਮਤ 1761 ਬਿਕਰਮੀ ਨੂੰ ਸਰਬੱਤ ਪਰਿਵਾਰ, ਖ਼ਾਲਸੇ ਤੇ ਸੈਨਾ ਸਮੇਤ ਅੰਮ੍ਰਿਤ ਵੇਲੇ ਆਨੰਦਪੁਰ ਤੋਂ ਨਿਕਲ ਤੁਰੇ ਅਤੇ ਸਰਸਾ ਨਦੀ ਵੱਲ ਰਵਾਨਾ ਹੋ ਗਏ ਅਤੇ ਕਿਰਤਪੁਰ ਰਾਹੀਂ ਨਿਰਮੋ ਹਗੜ ਵੱਲ ਵਧੇ ਪਰ ਸ਼ਾਹੀ ਸੈਨਾ ਨੇ ਮੁੜ ਕਸਮਾਂ ਤੋੜ ਕੇ ਅਤੇ ਪਹਾੜੀ ਹਿੰਦੂ ਰਾਜਿਆਂ ਨੇ ਸੋਚਾਂ ਭੁਲਾਅ ਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਚੜ੍ਹੀ ਹੋਈ ਸੀ ਦੋ ਪਾਸੀਂ ਦਬਾਓ ਪੈਣ 'ਤੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਕੁੱਝ ਸਿਦਕੀ ਸਿੱਖਾਂ ਨੇ ਆਪਣੇ ਘੋੜੇ ਸਰਸਾ ਨਦੀਂ ਵਿੱਚ ਠੇਲ੍ਹ ਦਿੱਤੇ। ਦੂਸਰੇ ਪਾਸੇ ਮਾਤਾ ਗੁਜਰੀ ਜੀ ਆਪਣੇ ਦੋਵੇਂ-ਛੋਟੇ ਪੋਤਰਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਸਮੇਤ ਉਨ੍ਹਾਂ ਦੇ ਮਗਰ ਰਵਾਨਾ ਹੋ ਤੁਰੇ ਪਰ ਛੇਤੀ ਹੀ ਪਰਿਵਾਰ ਖੇਰੂ-ਖੇਰੂ ਹੋ ਗਿਆ। ਅੱਜ ਇਹ ਗੁਰਦੁਆਰਾ ਪਰਿਵਾਰ ਵਿਛੋੜਾ ਸਭਾਇਮਾਨ ਹੈ।

ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਸਿਦਕੀ ਸਿੱਖਾਂ ਸਮੇਤ ਰੋੜ ਬੂੜ ਮਾਜਰੇ ਰਾਹੀਂ ਚਮਕੌਰ ਵੱਲ ਵੱਧੇ। 7-8 ਪੋਹ ਦੀ ਰਾਜਗੁਰੂ ਜੀ ਚਮਕੌਰ ਪੁੱਜੇ ਅਤੇ ਆਪਣੇ ਇੱਕ ਸ਼ਰਧਾਲੂ ਭਾਈ ਗਰੀਬ ਦਾਸ ਦੀ ਕੱਚੀ ਹਵੇਲੀ ਵਿੱਚ ਅਰਾਮ ਕੀਤਾ। ਸ਼ਾਹੀ ਫੌਜ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਸਰਸਾ ਨਦੀ ਵੱਲੋਂ ਆ ਰਹੀ ਫੌਜ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਕਿੱਧਰ ਗਏ ਸਨ, ਪਰ ਦਿੱਲੀ ਵੱਲੋਂ ਆ ਰਹੀ ਫੌਜ ਨੂੰ ਦੱਸ ਪੈ ਗਈ। ਉਨ੍ਹਾਂ ਸਵੇਰ ਹੋਣ ਤੋਂ ਪਹਿਲਾਂ ਹੀ ਇੱਕ ਕੱਚੀ ਹਵੇਲੀ, ਜਿਸ ਨੂੰ ਗੁਰੂ ਜੀ ਕਿਲ੍ਹੇ ਵਜੋਂ ਵਰਤ ਰਹੇ ਸਨ ਨੂੰ ਘੇਰਾ ਪਾ ਲਿਆ। 8 ਪੋਹ ਸੰਮਤ 1761 ਨੂੰ ਦਿਨ ਚੜ੍ਹਦਿਆਂ ਹੀ ਦੋਹੀਂ ਪਾਸੀਂ ਘਸਮਾਨ ਦਾ ਯੁੱਧ ਹੋਇਆ। ਮੁੱਠੀ ਭਰ ਸਿੱਖਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਹੀ ਫੌਜ ਨਾਲ ਤਕੜਾ ਲੋਹਾ ਲਿਆ ਅਤੇ ਇੱਕ-ਇੱਕ ਸਿੱਖ ਨੇ ਕਈ ਗਈ ਮੁਗਲਾਂ ਸਿਪਾਹੀਆਂ ਦੇ ਆਹੂ ਲਾਹ ਦਿੱਤੇ ਅਤੇ ਸ਼ਹੀਦ ਜਾਮ ਪੀ ਗਏ। ਇਸੇ ਸਮੇਂ ਗੁਰੂ ਸਾਹਿਬ ਨਾਲ ਦੋਵੇਂ ਵੱਡੇ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਸਮੇਤ ਕੁੱਲ 40 ਸਿੰਘਾਂ ਦੀ ਸ਼ਕਤੀ ਸੀ। ਇਸ ਲਈ ਉਹ ਛੋਟੇ-ਛੋਟੇ ਜੱਥਿਆਂ ਦੇ ਰੂਪ ਵਿੱਚ ਗੜ੍ਹੀ ਤੋਂ ਬਾਹਰ ਨਿਕਲ ਕੇ ਮੁਗਲ ਫ਼ੌਜ ਨਾਲ ਲੜਦੇ ਲੜਦੇ ਸ਼ਹੀਦ ਹੋ ਗਏ। ਜਦੋਂ ਬਹੁਤੇ ਸਿੰਘ ਸ਼ਹੀਦ ਹੋ ਗਏ ਤਾਂ ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਜੰਗੇ ਮੈਦਨ ਵਿੱਚ ਇਹ ਸ਼ਬਦ ਉਚਰਦਿਆਂ ਨਿਤੱਰਿਆ ਨਾਮ ਕਾ ਮੈਂ ਅਜੀਤ ਹੂੰ ਜੀਤਾ ਨਾ ਜਾਊਗਾ, ਜੀਤਾ ਗਿਆ ਤੋ ਜੀਤਾ ਨਹੀਂ ਆਊਂਗਾ। ਫ਼ਿਰ ਸਾਹਿਬਜ਼ਾਦਾ ਜੁਝਾਰ ਸਿੰਘ ਜੰਗੇ ਮੈਦਾਨ ਵਿੱਚ ਨਿਤਰਿਆ। ਗੁਰੂ ਜੀ ਦੇ ਹਜ਼ੂਰੀ ਕਵੀ ਸੈਨਾਪਤੀ ਨੇ ਚਮਕੌਰ ਦੇ ਜੰਗ ਵਿੱਚ ਬਾਬਾ ਜੁਝਾਰ ਸਿੰਘ ਦੀ ਵੀਰਤਾ ਦਾ ਵਰਨਣ ਇੰਝ ਕੀਤਾ:-

ਜਬ ਦੇਖਿਓ ਜੁਝਾਰ ਸਿੰਘ
ਸਮਾਂ ਪਹੁੰਚਯੋ ਆਨ।
ਕਰਯੋ ਦਲ ਮੇ ਧਇਕੇ
ਕਰ ਮੈਂ ਗਈ ਕਰਾਨ

ਇਸ ਤਰ੍ਹਾਂ ਚਮਕੌਰ ਵਿੱਚ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ, ਪੰਜ ਪਿਆਰਿਆਂ ਵਿੱਚੋਂ ਭਾਈ ਮੋਹਕਮ ਸਿੰਘ, ਭਾਈ ਸਾਹਿਬ ਤੇ ਭਾਈ ਹਿੰਮਤ ਸਿੰਘ ਅਤੇ ਹੋਰ ਕਈ ਸਿੰਘ ਲੜਦੇ-ਲੜਦੇ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਜਾਮਿਲ ਸ਼ਹਾਦਤਾਂ ਪਾਨ ਕਰ ਗਏ। ਗੁਰੂ ਜੀ ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਰਾਤ ਸਮੇਂ ਮੁਗਲ ਫੌਜ ਨੂੰ ਚੀਰਦੇ ਹੋਏ ਅਤੇ ਨਗਾਰੇ ਦੀ ਚੋਟ 'ਤੇ ਕਿ ਸਿੰਘਨ ਕੇ ਗੁਰੂ ਜਾਵਤ ਹੈ ਦਾ ਐਲਾਨ ਕਰਦੇ ਹੋਏ ਉੱਥੋਂ ਮਾਛੀਵਾੜੇ ਵੱਲ ਰਵਾਨਾ ਹੋ ਗਏ।

ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੋਵੇਂ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੀ ਲੜਾਈ ਸਮੇਂ ਗੁਰੂ ਜੀ ਤੋਂ ਵਿਛੜ ਗਏ ਸਨ। 7-8 ਪੋਹ ਦੀ ਰਾਤ ਨੂੰ ਗੰਗੂ ਬ੍ਰਾਹਮਣ ਨੇ ਬੇਈਮਾਨੀ ਕਰਕੇ ਆਪਣੇ ਪਿੰਡ ਦੇ ਮੁਸਲਮਾਨ ਹਾਕਮਾਂ ਜਾਨੀ ਖਾਂ ਅਤੇ ਮਾਨੀ ਖਾਂ ਨੂੰ ਨਾਲ ਲੈ ਆਇਆ ਅਤੇ ਇਹਨਾਂ ਦੇ ਹੱਥ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਗ੍ਰਿਫ਼ਤਾਰੀ ਉਪਰੰਤ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਮੋਰਿੰਡੇ ਲਿਆਂਦੇ ਗਏ। ਇੱਥੇ 9 ਪੋਹ ਦੀ ਸੰਮਤ 1761 ਬਿਕਰਮੀ ਨੂੰ ਸਵੇਰੇ 8 ਵਜੇ ਦੇ ਲੱਗਭੱਗ ਸਰਹਿੰਦ ਲਿਆਂਦੇ ਗਏ। ਇੱਥੋ 9 ਪੋਹ ਦੀ ਰਾਤ ਨੂੰ ਉਹਨਾਂ ਨੂੰ ਠੰਡੇ ਬੁਰਜ ਵਿੱਚ ਰੱਖਿਆ ਗਿਆ। ਉਹਨਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਚਮਕੌਰ ਵੀ ਭੇਜੀ ਗਈ। ਇਹ ਖ਼ਬਰ ਸੁਣਦਿਆਂ ਹੀ ਸਰਹਿੰਦ ਦਾ ਸੂਬਾ ਫੋਰਨ ਸਰਹਿੰਦ ਵਾਪਸ ਆ ਗਿਆ। ਅਗਲੇ ਦਿਨ 10 ਪੋਹ ਸੰਮਤ 1761 ਨੂੰ ਸਾਹਿਬਜ਼ਾਦਿਆਂ ਨੂੰ ਦਰਬਾਰ ਵਿੱਚ ਬੁਲਾ ਕੇ ਦੱਸਿਆ ਗਿਆ ਕਿ ਉਨ੍ਹਾਂ ਦੇ ਪਿਤਾ ਸ਼ਹੀਦ ਹੋ ਚੁੱਕੇ ਹਨ ਅਤੇ ਉਹ ਲਵਾਰਸ ਬਣ ਗਏ ਹਨ। ਇਸ ਲਈ ਜੇ ਉਹ ਇਸਲਾਮ ਕਬੂਲ ਕਰ ਲੈਂਦੇ ਹਨ ਤਾਂ ਉਨ੍ਹਾਂ ਦੀ ਜਾਨ ਬਖ਼ਸ਼ੀ ਹੋ ਸਕਦੀ ਹੈ, ਪਰ ਸਾਹਿਬਜ਼ਾਦਿਆਂ ਦੀ ਫ਼ਿਰ ਪੇਸ਼ੀ ਹੋਈ। ਸੂਬਾ ਵਜ਼ੀਰ ਖਾਂ ਵੱਲੋਂ ਫ਼ਿਰ ਇਸਲਾਮ ਕਬੂਲ ਕਰਨ ਲਈ ਡਰਾਇਆ-ਧਮਕਾਇਆ ਗਿਆ ਪਰ ਇਸ ਗੱਲ ਦਾ ਵੀ ਉਨ੍ਹਾਂ ਉੱਤੇ ਕੋਈ ਅਸਰ ਨਾ ਹੋਇਆ ਫ਼ਿਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਲਾਲਚ ਦਿੱਤੇ। 12 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਪਰ ਫ਼ਿਰ ਵੀ ਕੋਈ ਫ਼ਰਕ ਨਾ ਪਿਆ। 13 ਪੋਹ ਨੂੰ ਉਹਨਾਂ ਦੀ ਦਰਬਾਰ ਵਿੱਚ ਅੰਤਿਮ ਪੇਸ਼ੀ ਹੋਈ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਜੇ ਉਨ੍ਹਾਂ ਨੂੰ ਛੱਡ ਗਿਆ ਤਾਂ ਉਹ ਕੀ ਕਰਨਗੇ? ਸਾਹਿਬਜ਼ਾਦਿਆਂ ਦੇ ਬੇ-ਡਰ ਉੱਤਰ ਸੁਣ ਕੇ ਵਜ਼ੀਰ ਖਾਂ ਅੱਗ ਬਬੂਲੇ ਹੋ ਗਿਆ ਅਤੇ ਉਸ ਨੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿੱਚ ਜਿੰਦਾ ਚਿਣ ਦੇਣ ਅਤੇ ਉਹਨਾਂ ਦਾ ਸਿਰ ਕਲਮ ਕਰ ਦੇਣ ਦਾ ਹੁਕਮ ਦਿੱਤਾ। ਜਲਾਦ ਸਾਲਮ ਬੇਗ ਤੇ ਬਾਸਲ ਬੇਗ ਨੇ ਬੜੀ ਬੇਰਹਿਮੀ ਨਾਲ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾਂ ਜਦੋਂ ਇਹ ਖ਼ਬਰ ਮਾਤਾ ਨੂੰ ਮਿਲੀ ਤਾਂ ਉਹ ਵੈਰਾਗ਼ ਵਿੱਚ ਲੀਨ ਹੋ ਗਏ ਅਤੇ ਪਰਮਜੋਤ ਵਿੱਚ ਇੱਕ ਮਿੱਕ ਹੋ ਗਏ।

-ਦਮਨਜੀਤ ਸਿੰਘ

ਪ੍ਰੇਰਕ ਪ੍ਰਸੰਗ
ਗੁਰੂ ਗ੍ਰੰਥ ਸਾਹਿਬ ਦਾ ਅਦਬ

ਇੱਕ ਵਾਰ ਭਾਈ ਆਇਆ ਰਾਮ ਜੀ ਨੂਰਪੁਰ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਕੋਲ ਬੈਠੇ ਸਨ। ਇੱਕ ਅਮੀਰ ਆਦਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਬੈਠਦੇ ਸਾਰ ਹੀ ਪੱਗ ਵਿੱਚੋਂ ਕੋਈ ਪੱਤਰ (ਚਿੱਠੀ) ਕੱਢ ਕੇ ਪੜ੍ਹਨ ਲੱਗ ਪਿਆ। ਭਾਈ ਆਇਆ ਰਾਮ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਸਮਝ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਹੱਥ ਵਿੱਚ ਤੂੰਬੀ ਚੁੱਕ ਕੇ ਬਾਹਰ ਚਲੇ ਗਏ ਤਾਂ ਹੋਰ ਵੀ ਸਾਧੂ ਭਾਈ ਆਇਆ ਰਾਮ ਜੀ ਨੂੰ ਉਦਾਸ ਹੋ ਕੇ ਚਲੇ ਜਾਂਦਿਆਂ ਦੇਖ ਕੇ ਨਾਲ ਤੁਰ ਪਏ। ਜਦੋਂ ਨਗਰ ਦੇ ਵੱਡੇ-ਵੱਡੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਦੌੜ ਕੇ ਪਿੱਛੇ ਗਏ ਤੇ ਭਾਈ ਆਇਆ ਰਾਮ ਜੀ ਨੂੰ ਬੇਨਤੀ ਕੀਤੀ, "ਮਹਾਰਾਜ! ਸਾਡੇ ਕੋਲੋਂ ਕੀ ਅਵੱਗਿਆ ਹੋਈ ਹੈ ਜੋ ਆਪ ਨੂਰਪੁਰ ਧਰਮਸ਼ਾਲਾ ਨੂੰ ਛੱਡ ਕੇ ਜਾ ਰਹੇ ਹੋ।"

ਭਾਈ ਆਇਆ ਰਾਮ ਜੀ ਕਹਿਣ ਲੱਗੇ, " ਅਸੀਂ ਇਸ ਕਰਕੇ ਇੱਥੋਂ ਜਾ ਰਹੇ ਹਾਂ ਕਿ ਜਿੱਥੇ ਰਤਾ ਭਰ ਵੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਨਹੀਂ ਰੱਖਿਆ ਜਾਂਦਾ। ਜਿੱਥੇ ਮਾਇਆ ਦੇ ਵਿਹਾਰ ਦੀਆਂ ਚਿੱਠੀਆਂ ਪੜ੍ਹੀਆਂ ਜਾਣ, ਉਹ ਗੁਰਦੁਆਰਾ/ਧਾਰਮਿਕ ਅਸਥਾਨ ਤਾਂ ਨਾ ਹੋਇਆ, ਉਹ ਬਜ਼ਾਰ ਜਾਂ ਚਬੂਤਰਾ ਹੋ ਸਕਦਾ ਹੈ। ਅਸੀਂ ਉਸ ਥਾਂ 'ਤੇ ਰਹਾਂਗੇ ਜਿੱਥੇ ਸਿਰਫ਼ ਸਤਿਸੰਗ ਹੋਵੇ।"

ਉਹ ਅਮੀਰ ਆਦਮੀ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਚਿੱਠੀ ਪੜ੍ਹੀ ਸੀ। ਉਹ ਭਾਈ ਆਇਆ ਰਾਮ ਜੀ ਦੇ ਬਚਨ ਸੁਣ ਕੇ ਉਹਨਾਂ ਦੇ ਚਰਨਾਂ 'ਤੇ ਡਿੱਗ ਪਿਆ ਤੇ ਕਿਹਾ, "ਗ਼ਰੀਬ ਨਿਵਾਜ਼! ਮੈਨੂੰ ਮਾਫ਼ ਕਰ ਦਿਓ, ਅੱਗੋਂ ਤੋਂ ਫ਼ਿਰ ਅਜਿਹੀ ਅਵੱਗਿਆ ਨਹੀਂ ਹੋਵੇਗੀ।" ਭਾਈ ਆਇਆ ਰਾਮ ਜੀ ਕਹਿਣ ਲੱਗੇ, "ਸਾਨੂੰ ਕਦੇ ਗੁੱਸਾ ਨਹੀਂ ਆਇਆ ਪਰ ਤੁਸੀਂ ਸਤਿਸੰਗੀ ਹੋ, ਤੁਹਾਨੂੰ ਸਿਖਾਉਣ ਲਈ ਇਹ ਬਚਨ ਕੀਤੇ ਹਨ।" ਜਦੋਂ ਵੀ ਸਾਧ-ਸੰਗਤ ਵਿੱਚ ਆਉ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ, ਅਦਬ ਸਹਿਤ ਤੇ ਭੈ ਵਿੱਚ ਬੈਠ ਕੇ, ਇੱਕ ਮਨ ਹੋ ਕਥਾ-ਕੀਰਤਨ ਸੁਣੋ ਤਾਂ ਹੀ ਲਾਹਾ ਪ੍ਰਾਪਤ ਹੁੰਦਾ ਹੈ।

-ਕਰਨੈਲ ਸਿੰਘ ਐਮ.ਏ.

ਜਨਮ ਦਿਨ ਮੁਬਾਰਕ

ਸ਼ਰਨਜੋਤ ਸਿੰਘ ਰਾਏ

ਪਿਤਾ-ਗੁਰਦੀਪ ਸਿੰਘ,

ਮਾਤਾ-ਮਨਿੰਦਰ ਕੌਰ

ਪਿੰਡ-ਮਾਣਕਰਾਏ (ਜਲੰਧਰ)

CMYK